## ਲੋਕਤੰਤਰ ਦੀ ਰਾਖੀ

# ਚੁਣੇ ਹੋਏ ਅਧਿਕਾਰੀਆਂ ਅਤੇ ਜਨਤਕ ਅਹੁਦੇਦਾਰਾਂ ਲਈ ਗਲਤ ਜਾਣਕਾਰੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਦਾ ਵਿਰੋਧ ਕਰਨ ਲਈ ਟੂਲਕਿੱਟ

### *ਗਲਤ ਜਾਣਕਾਰੀ*

*ਗਲਤ ਜਾਣਕਾਰੀ ਜੋ ਜਾਣਬੁੱਝ ਕੇ ਗੁੰਮਰਾਹ ਕਰਨ ਦੇ ਇਰਾਦੇ ਨਾਲ ਹੁੰਦੀ ਹੈ।*

### *ਵਿਦੇਸ਼ੀ ਦਖਲਅੰਦਾਜ਼ੀ*

*ਵਿਦੇਸ਼ੀ ਸਮੂਹਾਂ, ਸਟੇਟ ਧਿਰਾਂ, ਜਾਂ ਵਿਅਕਤੀਆਂ ਦੁਆਰਾ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਜਾਣਬੁੱਝ ਕੇ ਗੁਪਤ ਗਤੀਵਿਧੀਆਂ, ਅਕਸਰ ਕੈਨੇਡਾ ਦੇ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।*

**ਗਲਤ ਜਾਣਕਾਰੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਸਾਡਾ ਸਭ ਤੋਂ ਵਧੀਆ ਬਚਾਅ ਜਾਗਰੂਕਤਾ ਅਤੇ ਸਮਝਦਾਰੀ ਦੁਆਰਾ ਮਜ਼ਬੂਤੀ ਪੈਦਾ ਕਰਨਾ ਹੈ।**

ਲੋਕਤੰਤਰ ਅਤੇ ਜਮਹੂਰੀ ਸੰਸਥਾਵਾਂ (ਜਿਵੇਂ ਕਿ ਸੰਸਦ, ਸੂਬਾਈ ਵਿਧਾਨ ਸਭਾਵਾਂ, ਚੋਣ ਪ੍ਰਕਿਰਿਆ) ਲੰਬੇ ਸਮੇਂ ਤੋਂ ਉਨ੍ਹਾਂ ਲੋਕਾਂ ਜਾਂ ਸਮੂਹਾਂ ਤੋਂ ਖਤਰਿਆਂ ਦਾ ਸਾਹਮਣਾ ਕਰ ਰਹੀਆਂ ਹਨ ਜਿਨ੍ਹਾਂ ਦਾ ਟੀਚਾ ਉਨ੍ਹਾਂ ਨੂੰ ਕਮਜ਼ੋਰ ਕਰਨਾ ਅਤੇ ਸਰਕਾਰ ਵਿੱਚ ਨਾਗਰਿਕਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ।

ਇਸ ਵਿੱਚ ਗਲਤ ਜਾਣਕਾਰੀ - ਗਲਤ ਜਾਣਕਾਰੀ ਨੂੰ ਜਾਣਬੁੱਝ ਕੇ ਫੈਲਾਉਣਾ - ਅਤੇ ਵਿਦੇਸ਼ੀ ਦਖਲਅੰਦਾਜ਼ੀ ਸ਼ਾਮਲ ਹੈ ਜਿਸਦਾ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਦੀ ਭਲਾਈ ਅਤੇ ਕੈਨੇਡਾ ਦੀ ਏਕਤਾ 'ਤੇ ਮਾੜਾ ਪ੍ਰਭਾਵ ਪੈਂਦਾ ਹੈ।

**ਇੱਕ ਚੁਣੇ ਹੋਏ ਅਧਿਕਾਰੀ ਜਾਂ ਜਨਤਕ ਅਹੁਦੇਦਾਰ ਹੋਣ ਦੇ ਨਾਤੇ, ਤੁਸੀਂ ਗਲਤ ਜਾਣਕਾਰੀ ਦਾ ਨਿਸ਼ਾਨਾ ਬਣ ਸਕਦੇ ਹੋ। ਜਨਤਕ ਨੀਤੀ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਇਨਪੁਟ ਜਾਂ ਪ੍ਰਭਾਵ ਵਾਲੇ ਵਿਅਕਤੀ ਆਕਰਸ਼ਕ ਨਿਸ਼ਾਨੇ ਹਨ।**

**ਤੁਹਾਡੀ ਵਿਸ਼ੇਸ਼ ਜਾਣਕਾਰੀ ਤੱਕ ਪਹੁੰਚ ਹੋ ਸਕਦੀ ਹੈ ਅਤੇ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਜਾਣਕਾਰੀ ਨੂੰ ਸੁਰੱਖਿਅਤ ਰੱਖਿਆ ਜਾਵੇ। ਤੁਹਾਡੀ ਟੀਮ ਨੂੰ ਸਾਧਨ ਅਤੇ ਸਿਖਲਾਈ ਪ੍ਰਦਾਨ ਕਰਨਾ ਮਹੱਤਵ-ਪੂਰਨ ਹੈ ਤਾਂ ਜੋ ਉਹ ਖਤਰਿਆਂ ਤੋਂ ਜਾਣੂ ਹੋਣ ਅਤੇ ਉਹਨਾਂ ਕੋਲ ਇਸਦਾ ਮੁਕਾਬਲਾ ਕਰਨ ਲਈ ਔਜ਼ਾਰ ਹੋਣ।**

**ਹੋਰ ਜਾਣਕਾਰੀ ਅਤੇ ਸਰੋਤਾਂ ਲਈ,**
**ਕੈਨੇਡਾ ਦੇ ਜਮਹੂਰੀ ਅਦਾਰਿਆਂ ਦੀ ਰੱਖਿਆ ਕਰਨਾ ਅਤੇ ਵਿਦੇਸ਼ੀ ਦਖਲਅੰਦਾਜ਼ੀ ਵੇਖੋ।**

# ਗਲਤ ਜਾਣਕਾਰੀ

## ਗਲਤ ਜਾਣਾਕਰੀ ਦੀ ਪਛਾਣ ਕਰਨ ਲਈ ਸੁਝਾਅ

**ਸ਼ੁੱਧਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰੋ।** ਪ੍ਰਦਰਸ਼ਿਤ ਕਰੋ ਕਿ ਤੁਸੀਂ ਸਹੀ ਜਾਣਕਾਰੀ ਦੀ ਕਦਰ ਕਰਦੇ ਹੋ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰਦੇ ਹੋ।

**ਸਾਂਝਾ ਕਰਨ ਤੋਂ ਪਹਿਲਾਂ ਰੁਕੋ।** ਸਿੱਟੇ ਕੱਢਣ ਜਾਂ ਸਾਂਝਾ ਕਰਨ ਤੋਂ ਪਹਿਲਾਂ ਸਮੱਗਰੀ ਅਤੇ ਸਰੋਤਾਂ ਦੀ ਸ਼ੁੱਧਤਾ 'ਤੇ ਵਿਚਾਰ ਕਰਨ ਲਈ ਕੁਝ ਸਮਾਂ ਲਾਓ।

**ਸੋਸ਼ਲ ਮੀਡੀਆ ਨਿਗਰਾਨੀ ਅਤੇ ਚੇਤਾਵਨੀ ਸੇਵਾਵਾਂ ਸੈਟ ਅਪ ਕਰੋ।** ਇਹ ਤੁਹਾਨੂੰ ਤੁਹਾਡੇ ਨਾਮ, ਦਫਤਰ, ਜਾਂ ਸੰਸਥਾ ਨਾਲ ਸਬੰਧਤ ਗਲਤ ਜਾਣਕਾਰੀ ਦੀ ਪਛਾਣ ਕਰਨ ਅਤੇ ਟਰੈਕ ਕਰਨ ਦੀ ਆਗਿਆ ਦਿੰਦਾ ਹੈ। ਨਾ ਸਿਰਫ਼ ਆਪਣੇ ਸੋਸ਼ਲ ਮੀਡੀਆ ਪ੍ਰੋਫ਼ਾਈਲਾਂ ਦੀ ਨਿਗਰਾਨੀ ਕਰੋ, ਸਗੋਂ ਜਨਤਕ ਪੋਸਟਾਂ, ਵੈਬ ਫੋਰਮਾਂ, ਵੈੱਬਸਾਈਟਾਂ, ਸਮੀਖਿ-ਆਵਾਂ, ਜ਼ਿਕਰਾਂ ਆਦਿ ਦੀ ਵੀ ਨਿਗਰਾਨੀ ਕਰੋ। EUvsDisinfo, DisinfoWatch, ਅਤੇ ਗਲੋਬਲ ਅਫੇਅਰਜ਼ ਕੈਨੇਡਾ ਦੇ ਰੈਪਿਡ ਰਿਸਪਾਂਸ ਮਕੈਨਿਜ਼ਮ (Rapid Response Mechanism) ਵਰਗੀਆਂ ਨਾਮਵਰ ਡਿਸਇਨਫਰਮੇਸ਼ਨ-ਨਿਗਰਾਨੀ ਸੰਸਥਾਵਾਂ ਨਾਲ ਸਲਾਹ ਕਰੋ। ਉਲਟ ਚਿੱਤਰ ਖੋਜਾਂ ਦਾ ਸੰਚਾਲਨ ਕਰੋ।

**ਇੱਕ ਰਿਸਪਾਂਸ ਟੀਮ ਬਣਾਓ।** ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਸਟਾਫ ਤੇਜ਼ੀ ਨਾਲ ਅਤੇ ਪ੍ਰਭਾਵੀ ਢੰਗ ਨਾਲ ਗਲਤ ਜਾਣਕਾਰੀ ਮੁਹਿੰਮਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਜਵਾਬ ਦੇਣ ਲਈ ਤਿਆਰ ਹੈ।

**ਆਪਣੇ ਦਰਸ਼ਕਾਂ ਨੂੰ ਜਾਣੋ।** ਇਸ ਤਰੀਕੇ ਨਾਲ ਸੰਚਾਰ ਕਰਨਾ ਜੋ ਇਹ ਦਰਸਾਉਂਦਾ ਹੈ ਕਿ ਤੁਸੀਂ ਆਪਣੇ ਦਰਸ਼ਕਾਂ ਨੂੰ ਸਮਝਦੇ ਹੋ, ਤੁਹਾਡੀ ਜਾਣਕਾਰੀ ਨੂੰ ਸਮਝੇ ਜਾਣ ਦੀਆਂ ਸੰਭਾਵਨਾਵਾਂ ਨੂੰ ਵਧਾਏਗਾ।

**ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਨਾਲ ਸਿੱਧੇ ਤੌਰ 'ਤੇ ਨਿਪਟਣ ਵੇਲੇ ਚੋਣਵੇਂ ਹੋਵੋ।** ਅਜਿਹਾ ਕਰਨ ਨਾਲ ਗਲਤ ਜਾਣਕਾਰੀ ਫੈਲਣ ਵਿੱਚ ਯੋਗਦਾਨ ਪਾਇਆ ਜਾ ਸਕਦਾ ਹੈ। ਇਸਦੀ ਬਜਾਏ, ਗਲਤ ਜਾਣਕਾਰੀ ਲਈ ਤੁਹਾਡਾ ਜਵਾਬ ਇੱਕ ਵੱਖਰੇ ਥ੍ਰੈਡ ਜਾਂ ਪੋਸਟ ਵਿੱਚ ਪੋਸਟ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਸਤ੍ਰਿਤ, ਪਾਰਦਰਸ਼ੀ ਅਤੇ ਸਟੀਕ ਹੋਣਾ ਚਾਹੀਦਾ ਹੈ। ਤੁਸੀਂ ਆਪਣੀ ਵੈੱਬਸਾਈਟ 'ਤੇ ਜਵਾਬ ਵੀ ਪੋਸਟ ਕਰ ਸਕਦੇ ਹੋ।

## ਗਲਤ ਜਾਣਕਾਰੀ ਨੂੰ ਲੱ ਭਣਾ ਔਖਾ ਹੋ ਸਕਦਾ ਹੈ, ਪਰ ਇਸ ਨੂੰ ਦੇਖਣ ਲਈ ਕੁਝ ਆਮ ਸੰ ਕੇਤ ਹਨ

ਉਹ ਸਮੱ ਗਰੀ ਲੱ ਭੋ :

- **ਜੋ ਇੱਕ ਭਾਵਨਾਤਮਕ ਪ੍ਰਤੀਕਿਰਿਆ ਨੂੰ ਭੜਕਾਉਂਦੀ ਹੈ, ਖਾਸ ਤੌਰ 'ਤੇ ਨਕਾਰਾਤਮਕ ਜਾਂ ਡਰਾਉਣੇ ਦਾਅਵਿਆਂ ਨਾਲ**
- **ਜੋ ਵੈਧ ਜਾਣਕਾਰੀ ਦੇ ਛੋਟੇ ਟੁਕੜਿਆਂ ਦੀ ਵਰਤੋਂ ਕਰਦੀ ਹੈ ਜਿਨ੍ਹਾਂ ਨੂੰ ਵਧਾ-ਚੜ੍ਹਾਕੇ ਅਤੇ ਵਿਗਾੜਕੇ ਪੇਸ਼ ਕੀਤਾ ਜਾਂਦਾ ਹੈ**
- **ਜੋ ਫੋਟੋਆਂ ਜਾਂ ਚਿੱਤਰਾਂ ਨੂੰ ਬਦਲ ਕੇ ਜਾਂ ਉਹਨਾਂ ਨੂੰ ਸੰਦਰਭ ਤੋਂ ਬਾਹਰ ਰੱਖ ਕੇ ਹੇਰਾਫੇਰੀ ਕਰਦੀ ਹੈ**
- **ਜੋ ਕਿਸੇ ਵਿਵਾਦਪੂਰਨ ਮੁੱਦੇ 'ਤੇ ਬੋਲਡ ਜਾਂ ਬਹੁਤ ਤਿੱਖਾ ਬਿਆਨ ਦਿੰਦੀ ਹੈ**
- **ਜੋ "ਕਲਿੱਕਬਾਏਟ" ਸ਼ਾਮਲ ਕਰਦੀ ਹੈ:** ਜਿਸ ਵਿੱਚ ਸੰਵੇਦਨਸ਼ੀਲ ਅਤੇ ਜਾਣਬੁੱਝ ਕੇ ਗੁੰਮਰਾਹ ਕਰਨ ਵਾਲੀਆਂ ਸੁਰਖੀਆਂ, ਚਿੱਤਰ ਅਤੇ ਵੀਡੀਓਜ਼ ਸ਼ਾਮਲ ਹਨ, ਜਿਨ੍ਹਾਂ ਦਾ ਮਕਸਦ ਦਰਸ਼ਕਾਂ ਨੂੰ ਖਾਸ ਲਿੰਕਾਂ 'ਤੇ ਕਲਿੱਕ ਕਰਨ ਲਈ ਭਰਮਾਉਣਾ ਹੈ
- **ਜਿਹੜੀ ਅਜਿਹੇ ਪਲੇਟਫਾਰਮਾਂ 'ਤੇ ਵਿਆਪਕ ਤੌਰ 'ਤੇ ਫੈਲਾਈ ਜਾਂਦੀ ਹੈ, ਜਹੜੇ ਗਲਤ ਜਾਣਕਾਰੀ ਫੈਲਾਉਣ ਲਈ ਜਾਣੇ ਜਾਂਦੇ ਹਨ**
- **ਜੋ ਅਜਿਹੇ ਦਾਅਵੇ ਕਰਦੀ ਹੈ ਜੋ ਲੋੜ ਨਾਲੋਂ ਵੱਧ ਸੱਚ ਲੱਗਦੇ ਹਨ**

# ਗਲਤ ਜਾਣਕਾਰੀ ਦੇ ਫੈਲਾਅ ਨੂੰ ਰੋਕੋ

## ਸੁਚੇਤ ਰਹੋ।

ਗਲਤ ਜਾਣਕਾਰੀ ਬਾਹਰ ਫੈਲ ਚੁੱਕੀ ਹੈ। ਤੁਸੀਂ ਇੱਕ ਨਿਸ਼ਾਨਾ ਹੋ ਸਕਦੇ ਹੋ, ਇਸ ਲਈ ਹਮੇਸ਼ਾ ਧਿਆਨ ਰੱਖੋ। ਆਪਣੇ ਆਪ ਨੂੰ ਇਹ ਜਾਣਨ ਲਈ ਟੂਲਸ ਨਾਲ ਲੈਸ ਕਰੋ ਕਿ ਗਲਤ ਜਾਣਕਾਰੀ ਦੀ ਪਛਾਣ ਅਤੇ ਮੁਕਾਬਲਾ ਕਿਵੇਂ ਕਰਨਾ ਹੈ।

## ਤਿਆਰ ਰਹੋ।

- ☐ ਤੁਹਾਡੀ ਸੰਸਥਾ/ਦਫ਼ਤਰ ਵਿੱਚ ਮੁੱਖ ਕਾਰੋਬਾਰੀ ਲਾਈਨਾਂ ਅਤੇ ਖੇਤਰਾਂ ਦਾ ਪਤਾ ਲਗਾਓ ਜੋ ਗਲਤ ਜਾਣਕਾਰੀ ਦੇ ਅਸਰ ਹੇਠ ਆ ਸਕਦੇ ਹਨ।
- ☐ ਜਨਤਕ ਮਾਹੌਲ ਨੂੰ ਸਮਝੋ। ਤੁਹਾਡੇ ਦਫ਼ਤਰ/ਸੰਗਠਨ ਬਾਰੇ ਕੀ ਕਿਹਾ ਜਾ ਰਿਹਾ ਹੈ, ਨਾਲ ਹੀ ਕਿੱਥੇ, ਕਿਵੇਂ, ਅਤੇ ਕਦੋਂ ਕਿਹਾ ਜਾ ਰਿਹਾ ਹੈ, ਇਹ ਜਾਣਨ ਲਈ ਜਾਣਕਾਰੀ ਦੇ ਕਈ ਸਰੋਤਾਂ ਨਾਲ ਸੰਪਰਕ ਕਰੋ। ਇਹ ਤੁਹਾਨੂੰ ਕਿਸੇ ਮੁੱਦੇ ਜਾਂ ਵਿਸ਼ੇ ਦੀ ਪ੍ਰਕਿਰਤੀ ਅਤੇ ਦਾਇਰੇ ਦੀ ਸਪਸ਼ਟ ਤਸਵੀਰ ਦੇ ਸਕਦਾ ਹੈ। ਕਈ ਸਰੋਤਾਂ ਤੋਂ ਜਾਣਕਾਰੀ ਅਤੇ ਖੋਜ ਡੇਟਾ ਇਕੱਤਰ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਜਨਤਕ ਵਾਤਾਵਰਣ ਵਿਸ਼ਲੇਸ਼ਣ ਕਰੋ।
- ☐ ਸੰਭਾਵੀ ਗਲਤ ਜਾਣਕਾਰੀ ਵਾਲੇ ਬਿਰਤਾਂਤਾਂ ਦਾ ਟਾਕਰਾ ਕਰਨ ਲਈ ਪਹਿਲਾਂ ਤੋਂ ਤਿਆਰੀ ਕਰੋ।

## ਸੰਚਾਰ ਕਰੋ।

- ☐ ਗਲਤ ਜਾਣਕਾਰੀ ਦਾ ਮੁਕਾਬਲਾ ਕਰਦੇ ਸਮੇਂ ਸਹੀ ਜਾਣਕਾਰੀ ਪ੍ਰਦਾਨ ਕਰੋ। ਸਹੀ ਅਤੇ ਭਰੋਸੇਯੋਗ ਤੱਥ ਪੇਸ਼ ਕਰਨਾ ਯਕੀਨੀ ਬਣਾਓ।
- ☐ ਸਮੇਂ ਸਿਰ ਸੰਚਾਰ ਕਰੋ।
- ☐ ਸੰਚਾਰ ਦੇ ਸਭ ਤੋਂ ਵਧੀਆ ਸਾਧਨਾਂ 'ਤੇ ਗੌਰ ਕਰੋ। ਤੁਸੀਂ ਗੁਲਤ ਜਾਣਕਾਰੀ ਦਾ ਸਿੱਧੇ ਤੌਰ ਤੇ ਮੁਕਾਬਲਾ ਕਰਨ ਲਈ ਤੱਥਾਂ ਵਾਲੀ ਜਾਣਕਾਰੀ ਪ੍ਰਦਾਨ ਕਰਕੇ ਗਲਤ ਜਾਣਕਾਰੀ ਨਾਲ਼ ਨਿਪਟ ਸਕਦੇ ਹੋ, ਜਿਸ ਵਾਸਤੇ ਤੁਸੀਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਜਾਂ ਪ੍ਰੈਸ ਰਿਲੀਜ਼ ਦੀ ਵਰਤੋਂ ਕਰ ਸਕਦੇ ਹੋ, ਜਾਂ ਤੁਸੀਂ ਗਲਤ ਸੰਚਾਰ ਨੂੰ ਸਪੱਸ਼ਟ ਕਰਨ ਲਈ ਮੀਡੀਆ ਆਊਟਲੇਟਾਂ ਨਾਲ ਕੰਮ ਕਰਨ ਲਈ ਆਪਣੀ ਮੀਡੀਆ ਰਿਲੇਸ਼ਨ ਟੀਮ ਦੀ ਵਰਤੋਂ ਕਰ ਸਕਦੇ ਹੋ।
- ☐ ਯਕੀਨੀ ਬਣਾਓ ਕਿ ਤੁਹਾਡਾ ਸੁਨੇਹਾ ਸਪਸ਼ਟ ਅਤੇ ਸੰਖੇਪ ਹੈ।

## ਇਸ ਨੂੰ ਠੀਕ ਕਰੋ।

ਗਲਤ ਜਾਣਕਾਰੀ ਨੂੰ ਖਤਮ ਕਰਨ ਦਾ ਮਤਲਬ ਹੈ ਤੱਥਾਂ ਨੂੰ ਸਪੱਸ਼ਟ ਕਰਨ ਦੇ ਉਦੇਸ਼ ਨਾਲ, ਸਿੱਧੇ ਤੌਰ 'ਤੇ ਝੂਠੀ ਜਾਣਕਾਰੀ ਦਾ ਪਰਦਾਫਾਸ਼ ਕਰਨਾ।

- ☐ ਭਰੋਸੇਯੋਗ ਸਰੋਤਾਂ ਦੀ ਵਰਤੋਂ ਕਰਕੇ ਦਾਅਵਿਆਂ ਦੀ ਤੱਥ-ਜਾਂਚ ਕਰੋ ਅਤੇ ਝੂਠੇ ਬਿਰਤਾਂਤ ਲਈ ਸਹੀ ਜਵਾਬੀ ਸਬੂਤ ਪ੍ਰਦਾਨ ਕਰੋ।
- ☐ ਭਰੋਸੇਯੋਗ ਸਰੋਤਾਂ ਅਤੇ ਸਬੂਤਾਂ ਨਾਲ ਆਪਣੀਆਂ ਸੋਧਾਂ ਕਰੋ। ਤੁਹਾਡੇ ਬਿਆਨਾਂ ਦਾ ਸਮਰਥਨ ਕਰਨ ਵਾਲੇ ਨਾਮਵਰ ਸਰੋਤਾਂ ਦੇ ਲਿੰਕ, ਜਾਂ ਹਵਾਲੇ ਪ੍ਰਦਾਨ ਕਰੋ।

Government of Canada Gouvernement du Canada

Canada

# ਵਿਦੇਸ਼ੀ ਦਖਲਅੰਦਾਜ਼ੀ

ਵਿਦੇਸ਼ੀ ਦਖਲਅੰਦਾਜ਼ੀ ਵਿੱਚ ਵਿਦੇਸ਼ੀ ਰਾਜ, ਜਾਂ ਉਹਨਾਂ ਦੀ ਤਰਫੋਂ ਕੰਮ ਕਰਨ ਵਾਲੇ ਵਿਅਕਤੀ ਸ਼ਾਮਲ ਹੁੰਦੇ ਹਨ, ਜਿਹਨਾਂ ਦਾ ਟੀਚਾ ਉਹਨਾਂ ਦੇ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਕਨੇਡਾ ਦੇ ਅੰਦਰ ਫੈਸਲਿਆਂ, ਨੀਤੀ ਜਾਂ ਘਟਨਾਵਾਂ ਨੂੰ ਗੁਪਤ ਰੂਪ ਵਿੱਚ ਪ੍ਰਭਾਵਿਤ ਕਰਨਾ ਹੁੰਦਾ ਹੈ। ਇਹ ਸਾਡੀਆਂ ਲੋਕਤੰਤਰੀ ਸੰਸਥਾਵਾਂ, ਰਾਜਨੀਤਿਕ ਪ੍ਰਣਾਲੀ, ਮੌਲਿਕ ਅਧਿਕਾਰਾਂ ਅਤੇ ਆਜ਼ਾਦੀਆਂ ਵਿੱਚ ਭਰੋਸੇ ਨੂੰ ਖੋਰਾ ਲਾ ਸਕਦਾ ਹੈ ਅਤੇ ਅੰਤ ਵਿੱਚ, ਸਾਡੀ ਪ੍ਰਭੂਸੱਤਾ ਦੀ ਅਖੰਡਤਾ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ।

ਸਟੇਟ ਦੇ ਕਰਿੰਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਜਾਣਕਾਰੀ ਪ੍ਰਾਪਤ ਕਰਨ, ਬਹਿਸ ਨੂੰ ਪ੍ਰਭਾਵਿਤ ਕਰਨ ਜਾਂ ਫੈਸਲੇ ਲੈਣ ਨੂੰ ਇਸ ਤਰੀਕੇ ਨਾਲ ਅਸਰਅੰਦਾਜ਼ ਕਰਨ ਲਈ ਚੁਣੇ ਹੋਏ ਅਧਿਕਾਰੀਆਂ, ਉਨ੍ਹਾਂ ਦੇ ਸਟਾਫ ਜਾਂ ਉਮੀਦਵਾਰਾਂ ਨਾਲ ਭਰੋਸੇਮੰਦ ਰਿਸ਼ਤੇ ਵਿਕਸਿਤ ਕਰਨ ਲਈ ਫਰੇਬੀ ਸਾਧਨਾਂ ਦੀ ਵਰਤੋਂ ਕਰ ਸਕਦੇ ਹਨ ਜੋ ਕਿਸੇ ਵਿਦੇਸ਼ੀ ਰਾਜ ਲਈ ਫਾਇਦੇਮੰਦ ਹੋਵੇ। ਇਹ ਰਿਸ਼ਤੇ ਅਕਸਰ ਕਿਸੇ ਦੇ ਰਾਜਨੀਤਿਕ ਕੈਰੀਅਰ ਦੇ ਸ਼ੁਰੂ ਵਿੱਚ ਵਿਸ਼ਵਾਸ ਦਾ ਇੱਕ ਪੱਧਰ ਹਾਸਲ ਕਰਨ ਲਈ ਵਿਕਸਤ ਹੁੰਦੇ ਹਨ ਜਿਸਦਾ ਬਾਅਦ ਵਿੱਚ ਸ਼ੋਸ਼ਣ ਕੀਤਾ ਜਾਂਦਾ ਹੈ। ਦੂਜੇ ਮਾਮਲਿਆਂ ਵਿੱਚ, ਸਟੇਟ ਦੇ ਕਰਿੰਦੇ ਜ਼ਬਰਦਸਤੀ ਵਾਲੀਆਂ ਰਣਨੀਤੀਆਂ ਦੀ ਵਰਤੋਂ ਕਰ ਸਕਦੇ ਹਨ। ਇਹ ਲੰਬੇ ਸਮੇਂ ਤੱਕ ਹੋ ਸਕਦਾ ਹੈ, ਅਤੇ ਇਸਨੂੰ ਲੱਭਣਾ ਔਖਾ ਹੋ ਸਕਦਾ ਹੈ। ਇਸ ਖਤਰੇ ਬਾਰੇ ਜਾਗਰੂਕਤਾ ਮਹੱਤਵਪੂਰਨ ਹੈ ਕਿਉਂਕਿ ਕੋਈ ਵੀ, ਸਰਕਾਰ ਦੇ ਕਿਸੇ ਵੀ ਪੱਧਰ 'ਤੇ, ਇੱਕ ਸੰਭਾਵੀ ਨਿਸ਼ਾਨਾ ਹੋ ਸਕਦਾ ਹੈ।

ਜਾਇਜ਼ ਅੰਤਰਰਾਸ਼ਟਰੀ ਸਹਿਯੋਗ ਅਤੇ ਕੂਟਨੀਤੀ, ਜੋ ਕਿ ਪਾਰਦਰਸ਼ੀ ਅਤੇ ਨੇਕ ਵਿਸ਼ਵਾਸ ਨਾਲ ਕੀਤੀ ਜਾਂਦੀ ਹੈ, ਦੇ ਉਲਟ, ਵਿਦੇਸ਼ੀ ਦਖਲਅੰਦਾਜ਼ੀ ਗੁਪਤ ਅਤੇ ਬਦ-ਦਿਆਨਤਦਾਰੀ ਵਾਲੀ ਹੁੰਦੀ ਹੈ। ਦੇਖਣ ਲਈ ਕੁਝ ਹੋਰ ਸੰਕੇਤਾਂ ਵਿੱਚ ਸ਼ਾਮਲ ਹਨ:

- ☐ ਸੰਚਾਰ, ਸਬੰਧਾਂ, ਵਿਵਹਾਰਾਂ ਅਤੇ ਪਰਸਪਰ ਪ੍ਰਭਾਵ ਦੇ ਆਲੇ ਦੁਆਲੇ ਪਾਰਦਰਸ਼ਤਾ ਦੀ ਘਾਟ
- ☐ ਅਜਿਹੇ ਸੰਕੇਤ ਜਾਂ ਸੁਝਾਅ ਕਿ ਇਸ ਗੱਲਬਾਤ ਦੇ ਨਤੀਜੇ ਵਜੋਂ ਅਹਿਸਾਨਾਂ ਜਾਂ ਫਾਇਦਿਆਂ ਦਾ ਅਦਾਨ-ਪ੍ਰਦਾਨ ਹੋਵੇਗਾ (quid pro quo)
- ☐ ਅਸਧਾਰਨ ਤੌਰ 'ਤੇ ਉਦਾਰ ਤੋਹਫ਼ਿਆਂ, ਯਾਤਰਾ ਜਾਂ ਹੋਰ ਲਾਭਾਂ ਦੀਆਂ ਪੇਸ਼ਕਸ਼ਾਂ
- ☐ ਖਾਸ ਵਿਚਾਰਾਂ, ਰਾਇ ਜਾਂ ਸਥਿਤੀਆਂ ਦਾ ਸਮਰਥਨ ਕਰਨ ਲਈ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਦਬਾਅ

**ਹੋਰ ਜਾਣਕਾਰੀ ਲਈ, ਸਲਾਹ ਕਰੋ: ਕੈਨੇਡਾ ਦੀ ਜਮਹੂਰੀ ਪ੍ਰਕਿਰਿਆ ਲਈ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਧਮਕੀਆਂ।**

## ਆਪਣੇ ਆਪ ਨੂੰ ਵਿਦੇਸ਼ੀਅੰਦਾਜ਼ੀ ਦਖਲ ਤੋਂ ਬਚਾਓ

**ਸੁਚੇਤ ਰਹੋ।** ਕਨੇਡਾ ਦੇ ਲੋਕਤੰਤਰ ਦੀ ਮਜ਼ਬੂਤੀ ਇੱਕ ਜ਼ਿੰਮੇਵਾਰੀ ਹੈ ਜੋ ਅਸੀਂ ਸਾਰੇ ਸਾਂਝੀ ਕਰਦੇ ਹਾਂ। ਵਿਦੇਸ਼ੀ ਦਖਲਅੰਦਾਜ਼ੀ ਦੇ ਚੇਤਾਵਨੀ ਸੰਕੇਤਾਂ ਨੂੰ ਜਾਣੋ।

**ਖੋਜ।** ਜਾਣਕਾਰੀ ਸਾਂਝੀ ਕਰਨ ਜਾਂ ਪ੍ਰਬੰਧਾਂ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਪਣੀ ਉਚਿਤ ਮਿਹਨਤ ਕਰੋ, ਆਪਣੇ ਭਾਈਵਾਲਾਂ ਨੂੰ ਜਾਣੋ ਅਤੇ ਕਿਸੇ ਸਾਂਝੇਦਾਰੀ ਦੇ ਜੋਖਮਾਂ ਦਾ ਪਹਿਲਾਂ ਤੋਂ ਮੁਲਾਂਕਣ ਕਰੋ।

**ਸਰਗਰਮ ਰਹੋ।** ਆਪਣੇ ਆਪ ਨੂੰ, ਆਪਣੀ ਸੰਸਥਾ, ਆਪਣੀ ਸਾਖ, ਅਤੇ ਆਪਣੇ ਕੰਮ ਨੂੰ ਖਤਰੇ ਤੋਂ ਜਾਣੂ ਹੋ ਕੇ ਅਤੇ ਉਚਿਤ ਇਹਤਿਆਤ ਨਾਲ ਬਚਾਓ।

**ਸਾਈਬਰ ਸੁਰੱਖਿਅਤ ਰਹੋ।** ਸਾਈਬਰ ਸੁਰੱਖਿਆ ਬਾਰੇ ਆਪਣੇ ਆਪ ਨੂੰ ਸਿੱਖਿਅਤ ਕਰੋ। ਆਪਣੇ ਆਪ ਨੂੰ ਔਨਲਾਈਨ ਸੁਰੱਖਿਅਤ ਕਰਨ ਲਈ ਤੁਸੀਂ ਕਦਮ ਚੁੱਕਣ ਵਾਸਤੇ ਸਾਈਬਰਸੇਫ ਪ੍ਰਾਪਤ ਕਰੋ ਦੇਖੋ।

**ਆਪਣੇ ਸਰੋਤਾਂ ਦੀ ਪੁਸ਼ਟੀ ਕਰੋ।** ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਹੀ ਜਾਣਕਾਰੀ ਪ੍ਰਾਪਤ ਕਰ ਰਹੇ ਹੋ, ਆਪਣੇ ਜਾਣਕਾਰੀ ਸਰੋਤਾਂ ਦੀ ਭਰੋਸੇਯੋਗਤਾ ਦੀ ਜਾਂਚ ਕਰੋ।

**ਇਸਦੀ ਰਿਪੋਰਟ ਕਰੋ।** ਸ਼ੱਕੀ ਗਤੀਵਿਧੀਆਂ ਅਤੇ ਧਮਕਾਉਣ, ਪਰੇਸ਼ਾਨੀ, ਜ਼ਬਰਦਸਤੀ ਜਾਂ ਧਮਕੀਆਂ ਦੀਆਂ ਘਟਨਾਵਾਂ ਦੀ ਰਿਪੋਰਟ ਤੁਹਾਡੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਨਾਲ-ਨਾਲ ਕਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ (CSIS) ਨੂੰ ਦਿੱਤੀ ਜਾਣੀ ਚਾਹੀਦੀ ਹੈ।

**ਆਪਣੇ ਆਪ ਨੂੰ ਵਿਦੇਸ਼ੀ ਦਖਲਅੰਦਾਜ਼ੀ ਤੋਂ ਬਚਾਉਣ ਦੇ ਤਰੀਕਿਆਂ ਬਾਰੇ ਵਧੇਰੇ ਜਾਣਕਾਰੀ ਲਈ: ਵਿਦੇਸ਼ੀ ਦਖਲਅੰਦਾਜ਼ੀ ਅਤੇ ਤੁਸੀਂ ਅਤੇ ਆਪਣੇ ਆਪ ਨੂੰ ਵਿਦੇਸ਼ੀ ਦਖਲ ਤੋਂ ਬਚਾਓ ਦੇਖੋ ।**

## ਕੈਨੇਡਾ ਵਿੱਚ ਵਿਦੇਸ਼ੀ ਦਖਲ ਦੀ ਰਿਪੋਰਟ ਕਿਵੇਂ ਕਰੀਏ

ਕਨੇਡਾ ਵਿੱਚ ਕੋਈ ਵੀ ਵਿਅਕਤੀ ਜਿਸਨੂੰ ਚਿੰਤਾ ਹੈ ਕਿ ਉਸਨੂੰ ਵਿਦੇਸ਼ੀ ਦਖਲਅੰਦਾਜ਼ੀ ਦੇ ਉਦੇਸ਼ਾਂ ਲਈ ਸਟੇਟ ਜਾਂ ਗੈਰ-ਸਟੇਟ ਅਨਸਰਾਂ ਦੁਆਰਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸਨੂੰ ਸਥਾਨਕ ਪੁਲਿਸ ਜਾਂ **ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਦੇ ਨੈਸ਼ਨਲ ਸਿਕਿਓਰਿਟੀ ਇਨਫਰਮੇਸ਼ਨ ਨੈੱਟਵਰਕ** ਨਾਲ 1-800-420-5805 'ਤੇ, ਜਾਂ https://rcmp.ca/report-it 'ਤੇ ਈਮੇਲ ਰਾਹੀਂ ਸੰਪਰਕ ਕਰਨਾ ਚਾਹੀਦਾ ਹੈ।

**ਕਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (CSIS)** ਨੂੰ 613-993-9620 ਜਾਂ 1-800-267-7685 'ਤੇ ਜਾਂ ਔਨਲਾਈਨ ਜਾਸੂਸੀ ਜਾਂ ਵਿਦੇਸ਼ੀ ਦਖਲਅੰਦਾਜ਼ੀ ਦੀ ਰਿਪੋਰਟ ਕਰੋ।

© ਕੈਨੇਡਾ ਲਈ ਹਿਜ਼ ਮਜੈਸਿਟੀ ਦਾ ਕਿੰਗ, ਜਿਨ੍ਹਾਂ ਦੀ ਨੁਮਾਇੰਦਗੀ ਮਨਿਸਟਰ ਔਫ ਡੈਮੋਕਰੈਟਿਕ ਇੰਸਟੀਚਿਊਸ਼ਨ, 2023 ਦੁਆਰਾ ਕੀਤੀ ਗਈ।

ISBN: 978-0-660-72476-8
CP22-207/2-2023Pan-PDF

Also available in English, French and other languages.

Aussi disponible en anglais, français et autres langues.